**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਫੇਜ਼-8 ਐਸ.ਏ.ਐਸ ਨਗਰ**

**ਫੋਨ ਨੰਬਰ:0172-2212221**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)

ਸਮੂਹ ਸਕੂਲ ਮੁਖੀ

ਪੰਜਾਬ।

ਮੀਮੋ ਨੰ: SCERT/SCI/2021-22/2021272139

ਮਿਤੀ: 11-08-2021

**ਵਿਸ਼ਾ: Rashtriya Avishkar Abhiyan (RAA) ਅਧੀਨ Science Exhibition/Fair ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 Rashtriya Aavishkar Abhiyan (RAA) ਅਧੀਨ offline ਵਿਗਿਆਨ ਪ੍ਰਦਰਸ਼ਨੀ/ਮੇਲਾ ਸਕੂਲ, ਬਲਾਕ, ਜ਼ਿਲ੍ਹਾ ਅਤੇ ਸਟੇਟ ਪਧੱਰ ਤੇ ਕਰਵਾਇਆ ਜਾਣਾ ਹੈ।ਇਸ ਵਿਗਿਆਨ ਪ੍ਰਦਰਸ਼ਨੀ/ਮੇਲਾ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ। ਇਹ ਵਿਗਿਆਨ ਪ੍ਰਦਰਸ਼ਨੀ/ਮੇਲਾ **ਨਾਲ ਨੱਥੀ** ਕਿਰਿਆਵਾਂ ਤੇ ਅਧਾਰਿਤ ਹੋਵੇਗਾ। ਵਿਦਿਆਰਥੀ ਨਾਲ ਨੱਥੀ ਕਿਰਿਆਵਾਂ ਉੱਤੇ ਆਪਣੀ ਪੇਸ਼ਕਾਰੀ ਦੇਣਗੇ।

3.0 ਵਿਗਿਆਨ ਪ੍ਰਦਰਸ਼ਨੀ/ਮੇਲੇ ਦੀ ਤਿਆਰੀ 12-08-2 1ਤੋਂ16-08-21 ਤੱਕ ਵਿਦਿਆਰਥੀਆਂ ਨੂੰ ਅੱਧੀ ਛੁੱਟੀ ਤੋਂ ਬਾਅਦ ਦੇ ਸਮੇਂ ਵਿੱਚ ਕਰਵਾਈ ਜਾ ਸਕਦੀ ਹੈ।

4.0 Rashtriya Avishkar Abhiyan (RAA) ਅਧੀਨ offline ਵਿਗਿਆਨ ਪ੍ਰਦਰਸ਼ਨੀ/ਮੇਲੇ ਸਬੰਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:

## ਵਿਗਿਆਨ ਪ੍ਰਦਰਸ਼ਨੀ/ਮੇਲਾ, ਪੰਜਾਬ

### ਸਕੂਲ ਪੱਧਰ

### 6ਵੀਂ ਤੋਂ 8ਵੀਂ (ਮਿਤੀ 17.08. 2021)

ਸਕੂਲ ਪੱਧਰ ਤੇ ਜਮਾਤ 6ਵੀਂ ਤੋਂ 8ਵੀਂ ਦੇ ਵਿਦਿਆਰਥੀ ਨਾਲ ਨੱਥੀ ਕਿਰਿਆਵਾਂ (ਸਿਲੇਬਸ ਅਨੁਸਾਰ) ਤੇ ਅਧਾਰਿਤ ਆਪਣੇ ਮਾਡਲ ਪੇਸ਼ ਕਰਨਗੇ।

### 9ਵੀਂ ਤੋਂ 10ਵੀਂ(ਮਿਤੀ 18.08.2021)

ਸਕੂਲ ਪੱਧਰ ਤੇ ਜਮਾਤ 9ਵੀਂ ਤੋਂ 10ਵੀਂ ਦੇ ਵਿਦਿਆਰਥੀ ਨਾਲ ਨੱਥੀ ਕਿਰਿਆਵਾਂ (ਸਿਲੇਬਸ ਅਨੁਸਾਰ) ਤੇ ਅਧਾਰਿਤ ਆਪਣੇ ਮਾਡਲ ਪੇਸ਼ ਕਰਨਗੇ।

11/8/21

(ਹਰ ਸਕੂਲ ਮੁੱਖੀ/ ਇੰਨਚਾਰਜ ਆਪਣੇ ਆਪਣੇ ਸਕੂਲ ਵਿੱਚੋਂ ਬੇਹਤਰੀਨ ਮਾਡਲ/ਗਤੀਵਿਧੀ ਨੂੰ ਚੁਣ ਕੇ ਬਲਾਕ ਪੱਧਰ ਤੇ ਹੋਣ ਵਾਲੀ ਵਿਗਿਆਨ ਪ੍ਰਦਰਸ਼ਨੀ ਵਿੱਚ ਭੇਜਣਗੇ। ਹਰੇਕ ਸਕੂਲ ਮੁੱਖੀ/ਇੰਨਚਾਰਜ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਗੇ। ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਕੋਵਿਡ-19 ਦੀ ਹਦਾਇਤਾਂ ਦੀ ਪਾਲਨਾ ਕਰਦੇ ਹੋਏ ਸਕੂਲ ਮੁੱਖੀ ਵਿਗਿਆਨ ਪ੍ਰਦਰਸ਼ਨੀ ਇੱਕ ਦਿਨ ਵਿੱਚ ਦੋ ਸ਼ਿਫਟਾਂ ਵਿੱਚ ਵੀ ਲਗਾਈ ਜਾ ਸਕਦੀ ਹੈ। ਸਕੂਲ ਪੱਧਰ ਤੇ ਵਿਗਿਆਨ ਪ੍ਰਦਰਸ਼ਨੀ/ਮੇਲਾ ਸਕੂਲ ਮੁਖੀ ਅਤੇ ਸਬੰਧਤ ਵਿਸ਼ੇ ਦੇ ਅਧਿਆਪਕਾਂ ਦੀ ਦੇਖ-ਰੇਖ ਵਿੱਚ ਕਰਵਾਈ ਜਾਵੇਗੀ।)

**ਬਲਾਕ ਪੱਧਰ**

**6ਵੀਂ ਤੋਂ 8ਵੀਂ (ਮਿਤੀ 20.08. 2021)**

ਸਕੂਲ ਪੱਧਰ ਤੇ 6ਵੀਂ ਤੋਂ 8ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਸਕੂਲ ਵੱਲੋਂ ਭੇਜੀ ਗਈ ਇਕ ਕਿਰਿਆ/ਮਾਡਲ ਬਲਾਕ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਪ੍ਰਤੀ ਬਲਾਕ**

**ਪਹਿਲੀ ਪੁਜੀਸ਼ਨ = 1500/-**

**ਦੂਸਰੀ ਪੁਜੀਸ਼ਨ = 1000/-**

**ਤੀਸਰੀ ਪੁਜੀਸ਼ਨ = 500/-**

**ਪ੍ਰਬੰਧਕੀ ਖਰਚਾ 1000/- ਪ੍ਰਤੀ ਬਲਾਕ** (ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

**ਬਲਾਕ ਪੱਧਰ**

**9ਵੀਂ ਤੋਂ 10ਵੀਂ(ਮਿਤੀ 21.08. 2021)**

ਬਲਾਕ ਪੱਧਰ ਤੇ 9ਵੀਂ ਤੋਂ 10 ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਸਕੂਲ ਵੱਲੋਂ ਭੇਜੀ ਗਈ ਇਕ ਕਿਰਿਆ/ਮਾਡਲ ਬਲਾਕ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਪ੍ਰਤੀ ਬਲਾਕ**

**ਪਹਿਲੀ ਪੁਜੀਸ਼ਨ = 1500/-**

**ਦੂਸਰੀ ਪੁਜੀਸ਼ਨ = 1000/-**

**ਤੀਸਰੀ ਪੁਜੀਸ਼ਨ = 500/-**

**ਪ੍ਰਬੰਧਕੀ ਖਰਚਾ 1000/- ਪ੍ਰਤੀ ਬਲਾਕ** (ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

(ਬਲਾਕ ਪੱਧਰ ਤੇ ਪ੍ਰਾਪਤ ਹੋਈਆ ਕਿਰਿਆਵਾਂ/ਮਾਡਲਾਂ ਵਿੱਚੋਂ ਪਹਿਲੀ ਤਿੰਨ ਪੁਜੀਸ਼ਨਾਂ ਚੁਣੀਆਂ ਜਾਣਗੀਆਂ। ਚੁਣੀਆਂ ਗਈਆਂ ਪੁਜੀਸ਼ਨਾਂ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਜਿਲ੍ਹਾ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਲਈ ਭੇਜਿਆ ਜਾਵੇਗਾ। ਬਲਾਕ ਪੱਧਰ ਤੇ ਵਿਗਿਆਨ ਪ੍ਰਦਰਸ਼ਨੀ/ਮੇਲਾ ਦਾ ਪ੍ਰਬੰਧ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਬਲਾਕ ਨੋਡਲ ਅਫਸਰ ਵੱਲੋਂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ।)

11/8/21

**ਜ਼ਿਲ੍ਹਾ ਪੱਧਰ**

**6ਵੀਂ ਤੋਂ 8ਵੀਂ(ਮਿਤੀ 24.08.2021)**

ਬਲਾਕ ਪੱਧਰ ਤੇ 6ਵੀਂ ਤੋਂ 8ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਬਲਾਕ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਜ਼ਿਲ੍ਹਾ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਪ੍ਰਤੀ ਜ਼ਿਲ੍ਹਾ**

**ਪਹਿਲੀ ਪੁਜੀਸ਼ਨ = 2100/-**

**ਦੂਸਰੀ ਪੁਜੀਸ਼ਨ = 1500/-**

**ਤੀਸਰੀ ਪੁਜੀਸ਼ਨ = 1000/-**

**ਪ੍ਰਬੰਧਕੀ ਖਰਚਾ 2900/- ਪ੍ਰਤੀ ਜ਼ਿਲ੍ਹਾ** (ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

**ਜ਼ਿਲ੍ਹਾ ਪੱਧਰ**

**9ਵੀਂ ਤੋਂ 10ਵੀਂ (ਮਿਤੀ 25.08. 2021)**

ਬਲਾਕ ਪੱਧਰ ਤੇ 9ਵੀਂ ਤੋਂ 10ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਬਲਾਕ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਜ਼ਿਲ੍ਹਾ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਪ੍ਰਤੀ ਜ਼ਿਲ੍ਹਾ**

**ਪਹਿਲੀ ਪੁਜੀਸ਼ਨ = 2100/-**

**ਦੂਸਰੀ ਪੁਜੀਸ਼ਨ = 1500/-**

**ਤੀਸਰੀ ਪੁਜੀਸ਼ਨ = 1000/-**

**ਪ੍ਰਬੰਧਕੀ ਖਰਚਾ 2900/- ਪ੍ਰਤੀ ਜ਼ਿਲ੍ਹਾ** (ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

(ਜ਼ਿਲ੍ਹਾ ਪੱਧਰ ਤੇ ਪਹਿਲੀ ਤਿੰਨ ਪੁਜੀਸ਼ਨਾਂ ਲਈ ਚੁਣੀਆਂ ਗਈਆਂ ਕਿਰਿਆਵਾਂ/ਮਾਡਲਾਂ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਸਟੇਟ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਲਈ ਭੇਜਿਆ ਜਾਵੇਗਾ। ਜ਼ਿਲ੍ਹਾ ਪੱਧਰ ਤੇ ਵਿਗਿਆਨ ਪ੍ਰਦਰਸ਼ਨੀ/ਮੇਲੇ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਅਗਵਾਈ ਹੇਠ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਲਾਕ ਨੋਡਲ ਅਫਸਰ ਅਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ।)

**ਸਟੇਟ ਪੱਧਰ**

**6ਵੀਂ ਤੋਂ 8ਵੀਂ (ਮਿਤੀ 27.08.2021)**

ਜ਼ਿਲ੍ਹਾ ਪੱਧਰ ਤੇ 6ਵੀਂ ਤੋਂ 8ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਜ਼ਿਲ੍ਹੇ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਸਟੇਟ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਸਟੇਟ ਪੱਧਰ**

**ਪਹਿਲੀ ਪੁਜੀਸ਼ਨ = 5100/-**

**ਦੂਸਰੀ ਪੁਜੀਸ਼ਨ = 3100/-**

**ਤੀਸਰੀ ਪੁਜੀਸ਼ਨ = 2100/-**

**ਪ੍ਰਬੰਧਕੀ ਖਰਚਾ 12700/- ਸਟੇਟ ਪੱਧਰ**(ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

11/8/21

## <u>ਸਟੇਟ ਪੱਧਰ</u>

**<u>9ਵੀਂ ਤੋਂ 10ਵੀਂ (ਮਿਤੀ 28.08. 2021)</u>**

ਜ਼ਿਲ੍ਹਾ ਪੱਧਰ ਤੇ 9ਵੀਂ ਤੋਂ 10ਵੀਂ ਜਮਾਤ ਤੱਕ ਦੀ ਹੋਈ ਵਿਗਿਆਨ ਪ੍ਰਦਰਸ਼ਨੀਂ ਵਿੱਚੋਂ ਹਰ ਜ਼ਿਲ੍ਹੇ ਵਿੱਚੋਂ ਪਹਿਲੀ ਪੁਜੀਸ਼ਨ ਤੇ ਆਉਣ ਵਾਲੀ ਟੀਮ ਨੂੰ ਸਟੇਟ ਪੱਧਰ ਦੀ ਵਿਗਿਆਨ ਪ੍ਰਦਰਸ਼ਨੀ ਵਿੱਚ ਸ਼ਾਮਿਲ ਕੀਤਾ ਜਾਵੇਗਾ।

**ਇਨਾਮੀ ਰਾਸ਼ੀ ਸਟੇਟ ਪੱਧਰ**

**ਪਹਿਲੀ ਪੁਜੀਸ਼ਨ = 5100/-**

**ਦੂਸਰੀ ਪੁਜੀਸ਼ਨ = 3100/-**

**ਤੀਸਰੀ ਪੁਜੀਸ਼ਨ = 2100/-**

**ਪ੍ਰਬੰਧਕੀ ਖਰਚਾ 12700/- ਸਟੇਟ ਪੱਧਰ**(ਸਟੇਸ਼ਨਰੀ, ਭਾਗੀਦਾਰੀ ਸਰਟੀਫਿਕੇਟ, ਫੁੱਟਕਲ ਖਰਚੇ ਆਦਿ)

ਸਟੇਟ ਪੱਧਰ ਤੇ ਪਹਿਲੀ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਇਨਾਮੀ ਰਾਸ਼ੀ ਅਤੇ ਸਰਟੀਫਿਕੇਟ ਨਾਲ ਨਵਾਜ਼ਿਆ ਜਾਵੇਗਾ। **ਸਟੇਟ ਪੱਧਰ ਤੇ ਹੋਣ ਵਾਲੀ ਵਿਗਿਆਨ ਪ੍ਰਦਰਸ਼ਨੀ/ਮੇਲੇ ਦਾ ਸਥਾਨ ਸਸਸਸ ਪੀ.ਏ.ਯੂ. ਰੱਖਿਆ ਗਿਆ ਹੈ।ਸਟੇਟ ਪੱਧਰ ਤੇ ਵਿਗਿਆਨ ਪ੍ਰਦਰਸ਼ਨੀ/ਮੇਲੇ ਦਾ ਪ੍ਰਬੰਧ ਸਹਾਇਕ ਡਾਇਰੈਕਟਰ ਟ੍ਰੇਨਿੰਗ ਦੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਪ੍ਰਿੰਸੀਪਲ ਸਸਸਸ ਪੀ.ਏ.ਯੂ. ਅਤੇ ਡੀ.ਐਮ. ਵਿਗਿਆਨ ਲੁਧਿਆਣਾ ਵੱਲੋਂ ਕੀਤਾ ਜਾਵੇਗਾ।**

**6.0** ਸਟੇਟ ਪੱਧਰ ਤੇ ਹੋਣ ਵਾਲੀ ਵਿਗਿਆਨ ਪ੍ਰਦਰਸ਼ਨੀ/ਮੇਲੇ ਦਾ ਸਾਰਾ ਖਰਚਾ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਭੇਜਿਆ ਜਾਵੇਗਾ।

**7.0** ਸਕੂਲ ਪੱਧਰ, ਬਲਾਕ ਪੱਧਰ, ਜ਼ਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਹੋਣ ਵਾਲੀ ਵਿਗਿਆਨ ਪ੍ਰਦਰਸ਼ਨੀ/ਮੇਲੇ 2021-22 ਨੂੰ ਸਫਲ ਬਣਾਉਣ ਲਈ ਸਮੂਹ ਡੀ.ਐਮ./ਬੀ.ਐਮ.-ਵਿਗਿਆਨ, ਬਲਾਕ ਨੋਡਲ ਅਫਸਰ, ਸਿੱਖਿਆ ਸੁਧਾਰ ਟੀਮ ਮੈਂਬਰ, ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਸਮੂਹ ਸਟੇਟ ਰਿਸੋਰਸ ਪਰਸਨ ਆਪਣੀ-ਆਪਣੀ ਜਿਮੇਵਾਰੀ ਨਿਭਾਉਂਦੇ ਹੋਏ ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਸਹਿਯੋਗ ਦੇਣਗੇ।

**8.0** ਜ਼ਿਲ੍ਹਿਆਂ ਨੂੰ ਭੇਜੇ ਜਾਣ ਵਾਲੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ:

| Sr. no. | District Name | No .of blocks | 6th to 8th | | 9th to 10th | | 6th to 8th | | 9th to 10th | | 6ht to 8th | | 9th to 10th | | Grand total |
|---|---|---|---|---|---|---|---|---|---|---|---|---|---|---|---|
| | | | Prize money (@3000 per block) | organizational charges (@1000 per block) | Prize money (@3000 per block) | organizational charges (@1000 per block) | Prize money (@4600 per district) | organizational charges (@ 2900 per district ) | Prize money (@4600 per district) | organizational charges (@ 2900 per district ) | Prize money (state level ) | organizational charges (state level ) | Prize money (state level ) | organizational charges (state level ) | |
| 1 | AMRITSAR | 15 | 45000 | 15000 | 45000 | 15000 | 4600 | 2900 | 4600 | 2900 | | | | | 135000 |
| 2 | BARNALA | 3 | 9000 | 3000 | 9000 | 3000 | 4600 | 2900 | 4600 | 2900 | | | | | 39000 |
| 3 | BATHINDA | 7 | 21000 | 7000 | 21000 | 7000 | 4600 | 2900 | 4600 | 2900 | | | | | 71000 |
| 4 | FARIDKOT | 5 | 15000 | 5000 | 15000 | 5000 | 4600 | 2900 | 4600 | 2900 | | | | | 55000 |
| 5 | FATEHGAR H SAHIB | 8 | 24000 | 8000 | 24000 | 8000 | 4600 | 2900 | 4600 | 2900 | | | | | 79000 |
| 6 | FAZILKA | 8 | 24000 | 8000 | 24000 | 8000 | 4600 | 2900 | 4600 | 2900 | | | | | 79000 |
| 7 | FEROZEPUR | 11 | 33000 | 11000 | 33000 | 11000 | 4600 | 2900 | 4600 | 2900 | | | | | 103000 |
| 8 | GURDASPU R | 19 | 57000 | 19000 | 57000 | 19000 | 4600 | 2900 | 4600 | 2900 | | | | | 167000 |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 9 | HOSHIARPR | 21 | 63000 | 21000 | 63000 | 21000 | 4600 | 2900 | 4600 | 2900 | | | | | 183000 |
| 10 | JALANDHA R | 17 | 51000 | 17000 | 51000 | 17000 | 4600 | 2900 | 4600 | 2900 | | | | | 151000 |
| 11 | KAPURTHA LA | 9 | 27000 | 9000 | 27000 | 9000 | 4600 | 2900 | 4600 | 2900 | | | | | 87000 |
| 12 | LUDHIANA | 19 | 57000 | 19000 | 57000 | 19000 | 4600 | 2900 | 4600 | 2900 | 10300 | 12700 | 10300 | 12700 | 213000 |
| 13 | MANSA | 5 | 15000 | 5000 | 15000 | 5000 | 4600 | 2900 | 4600 | 2900 | | | | | 55000 |
| 14 | MOGA | 6 | 18000 | 6000 | 18000 | 6000 | 4600 | 2900 | 4600 | 2900 | | | | | 63000 |
| 15 | MUKTSAR | 6 | 18000 | 6000 | 18000 | 6000 | 4600 | 2900 | 4600 | 2900 | | | | | 63000 |
| 16 | PATHANKO T | 7 | 21000 | 7000 | 21000 | 7000 | 4600 | 2900 | 4600 | 2900 | | | | | 71000 |
| 17 | PATIALA | 16 | 48000 | 16000 | 48000 | 16000 | 4600 | 2900 | 4600 | 2900 | | | | | 143000 |
| 18 | ROOPNAGA R | 10 | 30000 | 10000 | 30000 | 10000 | 4600 | 2900 | 4600 | 2900 | | | | | 95000 |
| 19 | S.B.S. NAGAR | 7 | 21000 | 7000 | 21000 | 7000 | 4600 | 2900 | 4600 | 2900 | | | | | 71000 |
| 20 | SANGRUR | 12 | 36000 | 12000 | 36000 | 12000 | 4600 | 2900 | 4600 | 2900 | | | | | 111000 |
| 21 | SAS NAGAR | 8 | 24000 | 8000 | 24000 | 8000 | 4600 | 2900 | 4600 | 2900 | | | | | 79000 |
| 22 | TARNTARA N | 9 | 27000 | 9000 | 27000 | 9000 | 4600 | 2900 | 4600 | 2900 | | | | | 87000 |
| Grand Total | | 228 | 684000 | 228000 | 684000 | 228000 | 10120 0 | 63800 | 101200 | 63800 | 10300 | 12700 | 10300 | 12700 | 2200000 |

**9.0** ਉਪਰੋਕਤ ਜ਼ਿਲ੍ਹਾਵਾਰ ਰਾਸ਼ੀ ਵਿਗਿਆਨ ਪ੍ਰਦਰਸ਼ਨੀ/ਮੇਲੇ ਲਈ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਵੱਲੋਂ ਖਰਚੀ ਜਾਣੀ ਹੈ। ਇਸ ਲਈ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)ਨਾਲ ਤਾਲ-ਮੇਲ ਕਰਕੇ ਇਸ ਰਾਸ਼ੀ ਦੀ ਵਰਤੋਂ ਕਰ ਸਕਦੇ ਹਨ।

11/8/15

**ਜਗਤਾਰ ਸਿੰਘ, ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਉਪ ਜ਼ਿਲ੍ਹਾ ਸਿੱਖਿਆ ਅਫਸਰ, (ਐ.ਸਿ./ਸੈ.ਸਿ.),
2. ਸਮੂਹ ਡਾਇਟ ਪ੍ਰਿੰਸੀਪਲ, ਸਮੂਹ ਜ਼ਿਲ੍ਹਾ/ਬਲਾਕ ਨੋਡਲ ਅਫਸਰ,
3. ਬੀ.ਪੀ.ਈ.ਓਜ਼ ਅਤੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ ਮੈਂਬਰਜ਼।

11/8/15

**ਜਗਤਾਰ ਸਿੰਘ, ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**

| ਕੋਡ | ਜਮਾਤ ਦਾ ਨਾਮ | ਕਿਰਿਆ ਦਾ ਨਾਮ |
|---|---|---|
| SCI601 | 6ਵੀਂ | ਘੁਲਣਸ਼ੀਲ ਅਤੇ ਅਘੁਲਣਸ਼ੀਲ ਪਦਾਰਥਾਂ ਦਾ ਅਧਿਐਨ ਕਰਨਾ। |
| SCI602 | 6ਵੀਂ | ਪਾਰਦਰਸ਼ੀ , ਅਪਾਰਦਰਸ਼ੀ ਅਤੇ ਅਲਪ-ਅਲਪ ਪਾਰਦਰਸੀ ਵਸਤੂਆਂ ਦਾ ਅਧਿਐਨ ਕਰਨਾ। |
| SCI603 | 6ਵੀਂ | ਪਦਾਰਥਾਂ ਨੂੰ ਵਾਸ਼ਪਨ ਅਤੇ ਫਿਲਟਰਨ ਵਿੱਧੀ ਰਾਹੀਂ ਵੱਖ ਕਰਨਾ। |
| SCI604 | 6ਵੀਂ | ਵਾਸ਼ਪਣ (Vaporization) ਅਤੇ ਸੰਘਣਨ (Condensation) ਦਾ ਅਧਿਐਨ ਕਰਨਾ। |
| SCI605 | 6ਵੀਂ | ਅਸੰਤ੍ਰਿਪਤ ਅਤੇ ਸੰਤ੍ਰਿਪਤ ਘੋਲਾਂ ਦਾ ਅਧਿਐਨ ਕਰਨਾ। |
| SCI606 | 6ਵੀਂ | ਗੇਂਦ-ਗੁੱਤੀ ਜੋੜ (Ball- Socket Joint) |
| SCI607 | 6ਵੀਂ | ਕਬਜੇਦਾਰ ਜੋੜ (Hinge Joint) ਦਾ ਅਧਿਐਨ ਕਰਨਾ। |
| SCI608 | 6ਵੀਂ | ਪ੍ਰਕਾਸ਼ (Light) ਹਮੇਸ਼ਾ ਸਰਲ ਰੇਖਾ ਵਿੱਚ ਚਲਦਾ ਹੈ ਓਤੇ ਪ੍ਰਛਾਵੇਂ ਦਾ ਬਣਨਾ। |
| SCI609 | 6ਵੀਂ | ਸਮਤਲ ਦਰਪਣ(Plane Mirror) ਤੋਂ ਪ੍ਰਕਾਸ਼ ਦੇ ਪਰਾਵਰਤਨ (Reflection of Light) ਦਾ ਅਧਿਐਨ ਕਰਨਾ |
| SCI610 | 6ਵੀਂ | ਬੱਦਲਾਂ ਦੇ ਬਣਨ ਦਾ ਅਧਿਐਨ ਕਰਨਾ। |
| SCI611 | 6ਵੀਂ | ਇੱਕ ਸਾਧਾਰਨ ਫਿਰਕੀ ਬਣਾਉਣਾ। |
| SCI612 | 6ਵੀਂ | ਹਵਾ ਸਾਡੇ ਆਲੇ-ਦੁਆਲੇ ਹਰ ਜਗ੍ਹਾ ਮੌਜੂਦ ਹੈ। |
| SCI613 | 6ਵੀਂ | ਹਵਾ ਵਿੱਚ ਆਕਸੀਜਨ ਹੈ। |
| SCI614 | 6ਵੀਂ | ਜਲ ਵਿੱਚ ਹਵਾ ਮੌਜੂਦ ਹੁੰਦੀ ਹੈ। |
| SCI615 | 6ਵੀਂ | ਮਿੱਟੀ (Soil) ਵਿੱਚ ਹਵਾ (Air) ਮੌਜੂਦ ਹੁੰਦੀ ਹੈ |
| SCI701 | 7ਵੀਂ | ਤਾਪ ਦੀ ਸਾਪੇਖਤਾ ਦਾ ਅਧਿਐਨ ਕਰਨਾ। |
| SCI702 | 7ਵੀਂ | ਤਾਪ ਦੀ ਚਾਲਨ ਵਿਧੀ ਦਾ ਅਧਿਐਨ ਕਰਨਾ। |
| SCI703 | 7ਵੀਂ | ਤਾਪ ਦੀ ਸੰਵਿਹਣ ਅਤੇ ਵਿਕਿਰਣ ਵਿਧੀ ਦਾ ਅਧਿਐਨ ਕਰਨਾ। |
| SCI704 | 7ਵੀਂ | ਮੋਮਬੱਤੀ ਦੀ ਲਾਟ ਰਾਹੀਂ ਸੰਵਹਿਣ ਕਿਰਿਆ ਦਾ ਅਧਿਐਨ ਕਰਨਾ। |
| SCI705 | 7ਵੀਂ | ਹਲਕੇ ਰੰਗਾਂ ਦੇ ਮੁਕਾਬਲੇ ਗੂੜੇ ਰੰਗ ਜ਼ਿਆਦਾ ਤਾਪ ਸੋਖਦੇ ਹਨ। |
| SCI706 | 7ਵੀਂ | ਮੈਗਨੀਸ਼ੀਅਮ ਰਿਬਨ ਨੂੰ ਜਲਾਉਣ ਤੇ ਵਾਪਰਨ ਵਾਲੀ ਕਿਰਿਆ ਦਾ ਅਧਿਐਨ ਕਰਨਾ। |
| SCI707 | 7ਵੀਂ | ਵਿਸਥਾਪਨ ਕਿਰਿਆ ਦਾ ਅਧਿਐਨ ਕਰਨਾ। |
| SCI708 | 7ਵੀਂ | ਸਿਰਕਾ ਅਤੇ ਮਿੱਠੇ ਸੋਡੇ ਵਿਚਕਾਰ ਹੋਣ ਵਾਲੀ ਕਿਰਿਆ ਦਾ ਅਧਿਐਨ ਕਰਨਾ। |
| SCI709 | 7ਵੀਂ | ਕਾਪਰ ਸਲਫੇਟ ਦੇ ਰਵੇ ਬਣਾਉਣੇ। |
| SCI710 | 7ਵੀਂ | ਪੌਣ ਦੇ ਵੇਗ ਵਧਣ ਨਾਲ ਵਾਯੂ ਦਾ ਦਬਾਓ ਘੱਟ ਜਾਂਦਾ ਹੈ। |
| SCI711 | 7ਵੀਂ | ਗਰਮ ਕਰਨ ਤੇ ਹਵਾ ਫੈਲਦੀ ਹੈ। |
| SCI712 | 7ਵੀਂ | ਗਰਮ ਜਵਾ ਠੰਡੀ ਹਵਾ ਤੋਂ ਹਲਕੀ ਹੁੰਦੀ ਹੈ। |
| SCI713 | 7ਵੀਂ | ਮਿੱਟੀ ਖਾਕਾ ਤਿਆਰ ਕਰਨਾ। |
| SCI714 | 7ਵੀਂ | ਮਿੱਟੀ ਵਿੱਚ ਨਮੀ ਦਾ ਅਧਿਐਨ ਕਰਨਾ। |
| SCI715 | 7ਵੀਂ | ਸਮਤਲ ਦਰਪਣ ਵਿੱਚ ਪ੍ਰਤੀਬਿੰਬ ਦੀ ਸਥਿਤੀ ਨਿਰਧਾਰਿਤ ਕਰਨਾ ਅਤੇ ਪ੍ਰਤੀਬਿੰਬ ਦਾ ਪਾਸੇ ਦਾਅ ਉਲਟਣਾ। |
| SCI716 | 7ਵੀਂ | ਅਵਤਲ ਅਤੇ ਉੱਤਲ ਦਰਪਣ ਦੁਆਰਾ ਪ੍ਰਤੀਬਿੰਬ ਬਣਾਉਣਾ। |
| SCI717 | 7ਵੀਂ | ਅਵਤਲ ਅਤੇ ਉੱਤਲ ਲੈਂਨਜ ਦੁਆਰਾ ਪ੍ਰਤੀਬਿੰਬ ਬਣਾਉਣਾ। |
| SCI801 | 8ਵੀਂ | ਜਾਲਣ ਲਈ ਹਵਾ ਜਰੂਰੀ ਹੈ। |
| SCI802 | 8ਵੀਂ | ਕਾਗ਼ਜ ਦੇ ਕੱਪ ਜਾਂ ਰਬੜ ਦੇ ਗੁਬਾਰੇ ਵਿੱਚ ਪਾਣੀ ਗਰਮ ਕਰਨਾ। |
| SCI803 | 8ਵੀਂ | ਮੋਮਬੱਤੀ ਦੀ ਲਾਟ ਦੇ ਵੱਖ-ਵੱਖ ਭਾਗਾਂ ਨੂੰ ਸਮਝਣਾ। |
| SCI804 | 8ਵੀਂ | ਰਗੜ (**Friction**) ਬਲ 'ਤਲ' ਦੇ ਸੁਭਾਅ ਤੇ ਨਿਰਭਰ ਕਰਦਾ ਹੈ ਅਤੇ ਸਰਕਣਸ਼ੀਲ ਰਗੜ (**Sliding Friction**) ਨੂੰ ਵੇਲਣੀ (**Rolling Friction**) ਰਗੜ ਵਿੱਚ ਬਦਲਣਾ |
| SCI805 | 8ਵੀਂ | ਸੁਰ ਸਾਜ ਅਤੇ ਉਨ੍ਹਾਂ ਦੇ ਕੰਪਨ ਕਰਦੇ ਭਾਗ। |
| SCI806 | 8ਵੀਂ | ਜੱਲ ਤਰੰਗ ਦਾ ਅਧਿਐਨ ਕਰਨਾ। |
| SCI807 | 8ਵੀਂ | ਧੁਨੀ ਸੰਚਾਰ ਲਈ ਮਾਧਿਅਮ ਦੀ ਜ਼ਰੂਰਤ ਹੁੰਦੀ ਹੈ। |
| SCI808 | 8ਵੀਂ | ਧੁਨੀ ਦਾ ਉੱਚਾਪਨ (**Loudness**) ਅਤੇ ਤਿੱਖਾਪਨ (**Pitch**) ਦਾ ਅਧਿਐਨ ਕਰਨਾ। |
| SCI809 | 8ਵੀਂ | ਵਸਤੂਆਂ ਨੂੰ ਰਗੜ ਦੁਆਰਾ ਚਾਰਜਿਤ ਕਰਨਾ ਅਤੇ ਉਨ੍ਹਾ ਦੀ ਪਰਸਪਰ ਕਿਰਿਆ ਦਾ ਅਧਿਐਨ ਕਰਨਾ। |
| SCI810 | 8ਵੀਂ | ਇੱਕ ਬਿਜਲੀ ਦਰਸ਼ੀ ਬਣਾਕੇ ਵੱਖ-ਵੱਖ ਚਾਰਜਿਤ ਵਸਤੂਆਂ ਦੀ ਪਰਖ ਕਰਨਾ। |
| SCI811 | 8ਵੀਂ | ਪਰਾਵਰਤਨ ਦੇ ਨਿਯਮ (**Law of Reflection**) ਦਾ ਅਧਿਐਨ ਕਰਨਾ। |

| | | |
|---|---|---|
| SCI812 | 8ਵੀਂ | ਪ੍ਰਕਾਸ਼ ਦੇ ਬਹੁਪਰਾਵਰਤਨ ਦੁਆਰਾ ਬਣੇ ਪ੍ਰਤੀਬਿੰਬ ਦੇ ਸਰੂਪ ਦਾ ਅਧਿਐਨ ਕਰਨਾ ਅਤੇ ਕਲਾਈਡੋਸਕੋਪ ਬਣਾਉਣਾ। |
| SCI813 | 8ਵੀਂ | ਪ੍ਰਕਾਸ਼ ਦਾ ਵਰਣ-ਵਿਖੇਪਨ (**Dispersion**) |
| SCI901 | 9ਵੀਂ | ਸਥਿਰ ਬਿਜਲੀ ਚਾਰਜਾਂ ਦਾ ਅਧਿਐਨ ਕਰਨਾਂ। |
| SCI902 | 9ਵੀਂ | ਸਥਾਈ ਪਰਮਾਣੂ ਮਾਡਲ ਤਿਆਰ ਕਰੋ ਅਤੇ ਪਹਿਲੇ ਅਠਾਰਾਂ ਤੱਤਾਂ ਦੇ ਇਲੈਕਟ੍ਰਾਨੀ ਤਰਤੀਬ ਨੂੰ ਦਰਸਾਓ। |
| SCI903 | 9ਵੀਂ | ਸਥਿਤਜ ਊਰਜਾ ਦਾ ਅਧਿਐਨ ਕਰਨਾ ਅਤੇ ਊਰਜਾ ਰੁਪਾਂਤਰਣ ਨੂੰ ਸਮਝਣਾ। |
| SCI904 | 9ਵੀਂ | ਧੁਨੀ ਕਿਵੇਂ ਪੈਦਾ ਹੁੰਦੀ ਹੈ? |
| SCI905 | 9ਵੀਂ | ਸਪਰਿੰਗ ਦੀ ਮਦਦ ਨਾਲ ਲੰਬੇ ਦਾਅ ਤਰੰਗਾਂ ਨੂੰ ਸਮਝਣਾ। |
| SCI906 | 9ਵੀਂ | ਧੁਨੀ ਪਰਾਵਰਤਨ ਦਾ ਅਧਿਐਨ ਕਰਨਾ। |
| SCI907 | 9ਵੀਂ | ਹਵਾ ਦੀ ਗਤੀ ਨੂੰ ਜਾਣਨਾ। |
| SCI908 | 9ਵੀਂ | ਬੱਦਲ ਬਣਨ ਦੀ ਕਿਰਿਆ ਅਤੇ ਵਰਖਾ ਹੋਣ ਦੇ ਕਾਰਨਾਂ ਦਾ ਅਧਿਐਨ ਕਰਨਾ। |
| SCI909 | 9ਵੀਂ | ਮਿੱਟੀ ਦੀਆਂ ਪਰਤਾਂ ਦਾ ਅਧਿਐਨ। |
| SCI910 | 9ਵੀਂ | ਵੱਖ-ਵੱਖ ਫਸਲਾਂ ਦੇ ਪੌਦਿਆਂ ਨੂੰ ਅਲੱਗ-ਅਲੱਗ ਕਰਕੇ ਹਰਬੇਰੀਅਮ ਬਣਾਉਣਾ।ਉਨ੍ਹਾਂ ਦੇ ਬੀਜਣ ਅਤੇ ਫਸਲ ਕਟੱਣ ਨੂੰ ਜਾਣਨਾ ਅਤੇ ਜੁਲਾਈ ਜਾਂ ਅਗਸਤ ਵਿੱਚ ਫਸਲਾਂ ਵਿੱਚ ਉੱਗਣ ਵਾਲੇ ਨਦੀਨਾਂ ਦੀ ਪਛਾਣ ਕਰਨੀ। |
| SCI1001 | 10ਵੀਂ | ਤੇਜਾਬਾਂ ਦੀ ਧਾਤਾਂ ਨਾਲ ਕਿਰਿਆ ਦਾ ਅਧਿਐਨ ਕਰਨਾ। |
| SCI1002 | 10ਵੀਂ | ਤੇਜਾਬਾਂ ਅਤੇ ਖਾਰਾਂ ਦੀ ਆਪਸ ਵਿੱਚ ਕਿਰਿਆ ਦਾ ਅਧਿਐਨ ਕਰਨਾ। |
| SCI1003 | 10ਵੀਂ | ਕੀ ਸਾਰੇ ਹਾਈਡਰੋਜਨ ਰੱਖਣ ਵਾਲੇ ਯੌਗਿਕ ਤੇਜ਼ਾਬੀ ਹੁੰਦੇ ਹਨ? |
| SCI1004 | 10ਵੀਂ | ਤੇਜ਼ਾਬ ਕੇਵਲ ਪਾਣੀ ਵਿੱਚ ਹੀ ਆਇਨ ਪੈਦਾ ਕਰਦੇ ਹਨ। |
| SCI1005 | 10ਵੀਂ | ਬਗੀਚੇ ਦੀ ਮਿੱਟੀ ਦਾ pH ਪਤਾ ਕਰਨਾ। |
| SCI1006 | 10ਵੀਂ | ਲੂਣਾਂ ਦੇ ਰਵਿਆਂ ਦਾ ਅਧਿਐਨ ਕਰਨਾ। |
| SCI1007 | 10ਵੀਂ | ਤੱਤਾਂ ਨੂੰ ਉਨ੍ਹਾਂ ਦੇ ਰਸਾਇਣਿਕ ਗੁਣਾਂ ਦੇ ਅਧਾਰ ਤੇ ਧਾਤਾਂ ਅਤੇ ਅਧਾਤਾਂ ਵਜੋਂ ਵਰਗੀਕ੍ਰਿਤ ਕਰਨਾ। |
| SCI1008 | 10ਵੀਂ | ਧਾਤਵੀਂ ਲੂਣਾਂ ਦੇ ਘੋਲ ਨਾਲ ਧਾਤਾਂ ਦੀ ਪ੍ਰਤੀਕਿਰਿਆ ਦਾ ਅਧਿਐਨ ਕਰਨਾ। |
| SCI1009 | 10ਵੀਂ | ਆਇਨੀ ਯੋਗਿਕਾਂ ਦੇ ਗੁਣਾਂ ਨੂੰ ਸਮਝਣਾ। |
| SCI1010 | 10ਵੀਂ | ਪੌਦਿਆਂ ਵਿੱਚ ਅਨੁਵਰਤਨ ਦਾ ਅਧਿਐਨ ਕਰਨਾ। |
| SCI1011 | 10ਵੀਂ | ਓਹਮ ਦੇ ਨਿਯਮ ਨੂੰ ਸਮਝਣਾ। |
| SCI1012 | 10ਵੀਂ | ਚਾਲਕ ਦੇ ਪ੍ਰਤੀਰੋਧ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਅਧਿਐਨ ਕਰਨਾ। |
| SCI1013 | 10ਵੀਂ | ਭਿੰਨ-ਭਿੰਨ ਮਾਨ ਵਾਲੇ ਤਿੰਨ ਪ੍ਰਤਿਰੋਧਕਾਂ ਨੂੰ ਲੜੀਵੱਧ ਜੋੜਨ ਤੇ ਤੁਲ ਪ੍ਰਤਿਰੋਧ ਪਤਾ ਕਰਨਾ। |
| SCI1014 | 10ਵੀਂ | ਭਿੰਨ-ਭਿੰਨ ਮਾਨ ਵਾਲੇ ਤਿੰਨ ਪ੍ਰਤਿਰੋਧਕਾਂ ਨੂੰ ਸਮਾਨਾਂਤਰ ਜੋੜਨ ਤੇ ਤੁਲ ਪ੍ਰਤਿਰੋਧ ਪਤਾ ਕਰਨਾ। |
| SCI1015 | 10ਵੀਂ | ਬਿਜਲੀ ਧਾਰਾ ਵਾਲੇ ਚਾਲਕ ਦੇ ਕਾਰਨ ਉਤਪੰਨ ਚੁੰਬਕੀ ਖੇਤਰ ਦਾ ਅਧਿਐਨ ਕਰਨਾ। |
| SCI1016 | 10ਵੀਂ | ਸਿੱਧੇ ਚਾਲਕ ਵਿੱਚੋ ਬਿਜਲੀ ਧਾਰਾ ਪ੍ਰਵਾਹਿਤ ਹੋਣ ਕਾਰਨ ਉਤਪੰਨ ਚੁੰਬਕੀ ਖੇਤਰ ਦਾ ਅਧਿਐਨ ਕਰਨਾ। |
| SCI1017 | 10ਵੀਂ | ਕਰੰਟ ਵਾਹਕ ਚੱਕਰਾਕਾਰ ਕੁੰਡਲੀ ਕਾਰਨ ਉਤਪੰਨ ਚੁੰਬਕੀ ਖੇਤਰ ਦਾ ਅਧਿਐਨ ਕਰਨਾ। |
| SCI1018 | 10ਵੀਂ | ਚੁੰਬਕੀ ਖੇਤਰ ਵਿੱਚ ਰੱਖੇ ਕਿਸੇ ਬਿਜਲੀ ਧਾਰਾ ਵਾਲੇ ਚਾਲਕ ਤੇ ਲੱਗਣ ਵਾਲੇ ਬਲ ਦਾ ਅਧਿਐਨ ਕਰਨਾ। |
| SCI1019 | 10ਵੀਂ | ਬਿਜਲੀ ਚੁੰਬਕੀ ਪ੍ਰੇਰਣ ਦਾ ਅਧਿਐਨ ਕਰਨਾ। |